Ferozpur

D:\Bhatinda\General Letter S.E.BTA.doc

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ,**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।**

ਸੇਵਾ ਵਿਖੇ

ਮੁੱਖ ਇੰਜੀਨੀਅਰ(ਦੱਖਣ),
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ
ਬਠਿੰਡਾ ।

ਨੰ: ਪਵਸਸਬ-2019/ਵ/ 27359 ਮਿਤੀ:- 26-12-19

**ਵਿਸ਼ਾ -** ਸੀਵਰੇਜ਼ ਲਾਈਨ ਪਾਉਣ ਦੌਰਾਨ ਡੈਮੇਜ਼ ਹੋਈ ਠਾਕਰ ਆਬਾਦੀ ਰੋਡ ਦੀ ਉਸਾਰੀ ਕਰਨ ਬਾਰੇ।

ਉਕਤ ਵਿਸ਼ੇ ਸਬੰਧੀ ਆਪ ਨੂੰ ਡਿਪਟੀ ਕਮਿਸ਼ਨਰ ਫਾਜਿਲਕਾ ਵਲੋ ਪ੍ਰਾਪਤ ਅ.ਸ.ਪੱਤਰ ਨੰ: 2419 ਮਿਤੀ 3.12.2019 ਦੀ ਨਕਲ ਸਮੇਤ ਸਹਿਲਗ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਵਿਸ਼ੇ ਸਬੰਧੀ ਮਾਮਲੇ ਤੇ ਕਾਰਵਾਈ ਰਿਪੋਰਟ ਸਬੰਧਤ ਨੂੰ ਭੇਜਦੇ ਹੋਏ ਇਸ ਦਫਤਰ ਨੂੰ ਭੇਜੀ ਜਾਵੇ ।

ਨੱਥੀ/- ਉਕਤ ਅਨੁਸਾਰ

24/12/19
ਕਾਰਜਕਾਰੀ ਇੰਜੀਨੀਅਰ(ਕੰਮ)
ਵਾਸਤੇ ਇੰਜੀਨੀਅਰ ਇਨ ਚੀਫ
ਕਮ ਤਕਨੀਕੀ ਸਲਾਹਕਾਰ

Manpreet Singh
IAS
ਮਨਪ੍ਰੀਤ ਸਿੰਘ
ਆਈ.ਏ.ਐਸ

Deputy Commissioner
Fazilka
ਡਿਪਟੀ ਕਮਿਸ਼ਨਰ
ਫਾਜਿਲਕਾ

ਮ.ਸ਼.ਪੱਤਰ ਨੰ: 2419/ਡਿ.ਮ
ਮਿਤੀ 03-12-2019

ਵਿਸ਼ਾ:- ਸੀਵਰੇਜ਼ ਲਾਈਨ ਪਾਉਣ ਦੋਰਾਂਨ ਡੈਮੇਜ਼ ਹੋਈ ਠਾਕਰ ਆਬਾਦੀ ਰੋਡ ਦੀ ਉਸਾਰੀ ਕਰਨ ਬਾਰੇ।

Respected Sir,

ਉਪ ਮੰਡਲ ਮੈਜਿਸਟਰੇਟ, ਅਬੋਹਰ ਵਲੋਂ ਆਪਣੇ ਦਫਤਰ ਦੇ ਪੱਤਰ ਨੰ: 2019/ਐਸ .ਡੀ .ਸੀ -1/162 ਮਿਤੀ 09-10-19 ਰਾਹੀ ਰਿਪੋਰਟ ਇਸ ਦਫਤਰ ਨੂੰ ਭੇਜਦੇ ਹੋਏ ਲਿਖਿਆ ਗਿਆ ਹੈ ਕਿ ਅਬੋਹਰ ਸ਼ਹਿਰ ਵਿੱਚ ਅਮਰੂਤ ਸਕੀਮ ਤਹਿਤ ਵਾਟਰ ਸਪਲਾਈ ਅਤੇ ਸੀਵਰੇਜ਼ ਦਾ ਕੰਮ ਜ਼ੋਕਿ M/S Shapoorji pallonji and Company, Mumbai ਵਲੋਂ ਕਰਵਾਇਆ ਜਾ ਰਿਹਾ ਹੈ। ਉਕਤ ਏਜੰਸੀ ਵਲੋਂ ਠਾਕਰ ਅਬਾਦੀ, ਅਬੋਹਰ ਵਿਖੇ ਸੀਵਰੇਜ਼ ਲਾਈਨ ਵਿਛਾਈ ਗਈ, ਜਿਸ ਕਾਰਨ ਠਾਕਰ ਆਬਾਦੀ ਡੈਮੇਜ਼ ਹੋ ਗਈ। ਏਜੰਸੀ ਵਲੋਂ ਪਿਛਲੇ 1 ਸਾਲ ਤੋਂ ਇਸ ਰੋਡ ਦੀ ਉਸਾਰੀ ਨਹੀ ਕੀਤੀ ਗਈ ਅਤੇ ਏਜੰਸੀ ਵਲੋਂ ਠਾਕਰ ਆਬਾਦੀ ਰੋਡ ਵਿਖੇ ਪੁੱਟੇ ਗਏ 500 ਮੀਟਰ ਲੰਬਾਦੀ ਦੇ ਟੋਟੇ ਨੂੰ ਪਿਛਲੇ ਦੋ ਮਹੀਨੇ ਤੋਂ ਠੀਕ ਨਹੀ ਕਰਵਾਇਆ ਗਿਆ, ਇਥੇ ਸੀਵਰੇਜ਼ ਦਾ ਪਾਣੀ ਹਰ ਸਮੇਂ ਭਰਿਆ ਵੇਖਿਆ ਜਾ ਸਕਦਾ ਹੈ, ਜਿਸ ਕਾਰਨ ਬਿਮਾਰੀ ਫੈਲਨ ਦਾ ਅਤੇ ਅਣਸੁਖਾਵੀਂ ਘਟਨਾ ਦੇ ਵਾਪਰਣ ਦਾ ਵੀ ਖਦਸਾ ਬਣਿਆ ਰਹਿੰਦਾ ਹੈ।ਉਪ ਮੰਡਲ ਮੈਜਿਸਟਰੇਟ, ਅਬੋਹਰ ਵਲੋਂ ਇਸ ਸਬੰਧੀ ਨਿੱਜੀ ਪੱਧਰ ਤੇ ਮੌਕਾ ਦੇਖਣ ਉਪਰੰਤ ਇਸ ਏਜੰਸੀ ਨੂੰ ਉਕਤ ਡੈਮੇਜ਼ ਰੋਡ ਦੀ ਲੰਬਾਈ ਜ਼ੋ ਕਿ 500 ਮੀਟਰ ਸੀ, ਦੀ ਉਸਾਰੀ ਮਿਤੀ 31-08-19 ਤੱਕ ਅਤੇ ਬਾਕੀ ਠਾਕਰ ਆਬਾਦੀ ਰੋਡ ਦੀ ਉਸਾਰੀ ਦਾ ਕੰਮ ਮਿਤੀ 30-09-19 ਤੱਕ ਮੁਕੰਮਲ ਕਰਨ ਸਬੰਧੀ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਸੀ ਪ੍ਰੰਤੂ ਏਜੰਸੀ ਵਲੋਂ ਅੱਜੇ ਤੱਕ ਡੈਮੇਜ਼ ਰੋਡ ਦੀ ਉਸਾਰੀ ਨਹੀ ਕੀਤੀ ਗਈ ਅਤੇ ਇਸ ਸਬੰਧੀ ਲੋਕਾਂ ਵਲੋਂ ਕਾਫੀ ਸ਼ਿਕਾਇਤਾਂ ਵੀ ਪ੍ਰਾਪਤ ਹੋਈਆਂ ਅਤੇ ਲੋਕਾਂ ਵਿੱਚ ਕਾਫੀ ਰੋਸ਼ ਪਾਇਆ ਗਿਆ ਅਤੇ ਇਸ ਸਬੰਧੀ ਧਰਨੇ ਲਗਾਏ ਗਏ।

ਉਪ ਮੰਡਲ ਮੈਜਿਸਟਰੇਟ, ਅਬੋਹਰ ਵਲੋਂ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਅਬੋਹਰ ਸ਼ਹਿਰ ਵਿੱਚ ਅਮ੍ਰਿਤ ਸਕੀਮ ਦਾ ਕੰਮ ਬਹੁਤ ਹੀ ਧੀਮੀ ਗਤੀ ਨਾਲ ਚੱਲ ਰਿਹਾ ਹੈ, ਜਿਸ ਕਰਕੇ ਅਬੋਹਰ ਸ਼ਹਿਰ ਦੇ ਵਸਨੀਕਾਂ ਨੂੰ ਕਾਫੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮੈਂ ਬੇਨਤੀ ਕਰਦਾ ਹਾਂ ਕਿ ਇਸ ਡੈਮੇਜ਼ ਹੋਈ ਸੜਕ ਅਤੇ ਉਕਤ ਸਕੀਮ ਤਹਿਤ ਵੀ ਕੰਮ ਨੂੰ ਜਲਦੀ ਮੁਕੰਮਲ ਕਰਨ ਲਈ ਏਜੰਸੀ ਨੂੰ ਹਦਾਇਤ ਕੀਤੀ ਜਾਵੇ ਤਾਂ ਜ਼ੋ ਅਬੋਹਰ ਸ਼ਹਿਰ ਦੀ ਇਸ਼ ਸਮੱਸਿਆ ਦਾ ਹਲ ਹੋ ਸਕੇ ਜੀ।

With regards!

Sd/-

ਸ੍ਰੀ ਮਨਪ੍ਰੀਤ ਸਿੰਘ, I.A.S
ਡਿਪਟੀ ਕਮਿਸ਼ਨਰ,
ਫਾਜਿਲਕਾ।

9124
16/12/19

ਸ੍ਰੀ ਅਜੋਏ ਸ਼ੁਰਮਾ, I.A.S
ਮੁੱਖ ਕਾਰਜਕਾਰੀ ਅਫਸਰ,
ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ,
ਪੰਜਾਬ, ਚੰਡੀਗੜ੍ਹ।

(Amrut)
12/12/19

E/C

13/12

16/12